Queensland Health

# ਬਹੁ-ਸੱਭਿਆਚਾਰਕ ਸਿਹਤ ਨੀਤੀ ਅਤੇ ਕਾਰਜ ਯੋਜਨਾ 2024–2029 MHPAP

**ਕੁਈਨਜ਼ਲੈਂਡ ਵਿੱਚ ਬਹੁ-ਸੱਭਿਆਚਾਰਕ ਪਿਛੋਕੜ ਵਾਲੇ ਸਾਰੇ ਲੋਕ ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਉਚਿਤ ਜਨਤਕ ਸਿਹਤ-ਸੰਭਾਲ ਤੱਕ ਪਹੁੰਚ ਕਰ ਸਕਦੇ ਹਨ, ਜਿੱਥੇ ਸਭ ਲਈ ਇੱਕ ਬਰਾਬਰ ਨਤੀਜੇ ਹੋਣਗੇ।**





**ਸਿਧਾਂਤ**

- ਸਿਹਤ ਸਮਾਨਤਾ, ਸੁਰੱਖਿਅਤ ਅਤੇ ਗੁਣਵੱਤਾ ਵਾਲੀ ਦੇਖਭਾਲ
- ਸਬੂਤ-ਆਧਾਰਿਤ ਅਤੇ ਭਾਈਚਾਰੇ-ਦੀ-ਜਾਣਕਾਰੀ ਵਾਲੀ
- ਸੰਪੂਰਨ ਦੇਖਭਾਲ
- ਨਸਲਵਾਦ ਅਤੇ ਭੇਦਭਾਵ ਨੂੰ ਹੱਲ ਕਰਨਾ
- ਸਾਂਝੀ ਵਚਨਬੱਧਤਾ, ਜ਼ਿੰਮੇਵਾਰੀ ਅਤੇ ਜਵਾਬਦੇਹੀ



MHPAP ਸਾਰੀਆਂ ਬਹੁ-ਸੱਭਿਆਚਾਰਕ ਆਬਾਦੀਆਂ ਲਈ ਸਿਹਤ ਨਤੀਜਿਆਂ 'ਤੇ ਧਿਆਨ ਕੇਂਦਰਿਤ ਕਰੇਗਾ। ਉਹਨਾਂ ਲੋਕਾਂ ਸਮੇਤ ਜੋ:

- ਆਸਟ੍ਰੇਲੀਆ ਵਿੱਚ ਜਨਮੇ ਹਨ ਜਿਨ੍ਹਾਂ ਦੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਵਿਦੇਸ਼ੀ ਜਨਮ ਵਾਲੇ ਹਨ
- ਸ਼ਰਨਾਰਥੀ ਜਾਂ ਸ਼ਰਣ ਦੀ ਭਾਲ ਕਰਨ ਵਾਲੇ ਲੋਕਾਂ ਵਜੋਂ ਆਸਟ੍ਰੇਲੀਆ ਆਏ ਹਨ
- ਨਿਊਜ਼ੀਲੈਂਡ ਦੇ ਨਾਗਰਿਕ ਹਨ ਜੋ ਅਸਥਾਈ ਵੀਜ਼ਿਆਂ 'ਤੇ ਹਨ
- ਅਸਥਾਈ ਵੀਜ਼ਿਆਂ 'ਤੇ ਹਨ ਜਿਨ੍ਹਾਂ ਨੂੰ ਮੈਡੀਕੇਅਰ ਦੀ ਸੀਮਿਤ ਪਹੁੰਚ ਹੈ, ਜਿਸ ਵਿੱਚ ਮੌਸਮੀ ਮਜ਼ਦੂਰ, ਅੰਤਰਰਾਸ਼ਟਰੀ ਵਿਦਿਆਰਥੀ, ਅਤੇ ਹੋਰ ਅਸਥਾਈ ਵੀਜ਼ਾ ਮਾਰਗਾਂ ਵਾਲੇ ਲੋਕ ਸ਼ਾਮਲ ਹਨ
- ਆਸਟ੍ਰੇਲੀਆਈ ਦੱਖਣੀ ਸਾਗਰ ਟਾਪੂ ਵਾਸੀ ਹਨ।




MHPAP ਪਹਿਲੀ ਨੀਤੀ ਹੈ ਜੋ ਕੁਈਨਜ਼ਲੈਂਡ ਹੈਲਥ ਨੇ 10 ਸਾਲਾਂ ਤੋਂ ਵੱਧ ਸਮੇਂ ਵਿੱਚ ਵਿਕਸਤ ਕੀਤੀ ਹੈ, ਜਿਸਦਾ ਮਕਸਦ ਬਹੁ-ਸੱਭਿਆਚਾਰਕ ਲੋਕਾਂ ਦੀ ਸਿਹਤ ਵਿੱਚ ਸੁਧਾਰ ਲਿਆਉਣਾ ਹੈ।

MHPAP ਨੂੰ ਭਾਈਚਾਰੇ ਦੇ ਮੈਂਬਰਾਂ ਅਤੇ ਸੰਸਥਾਵਾਂ ਸਮੇਤ ਬਹੁਤ ਸਾਰੇ ਹਿੱਸੇਦਾਰਾਂ ਦੇ ਨਾਲ ਮਿਲ ਕੇ ਡਿਜ਼ਾਈਨ ਕੀਤਾ ਗਿਆ ਸੀ, ਇਹ ਯਕੀਨੀ ਬਣਾਉਣ ਲਈ ਕਿ ਸਿਹਤ ਪ੍ਰਣਾਲੀ ਦੀ ਸਾਡੀ ਨੀਤੀ ਵਿੱਚ ਭਾਈਚਾਰੇ ਦੀ ਆਵਾਜ਼ ਨੂੰ ਦਰਸਾਇਆ ਜਾ ਸਕੇ।

MHPAP ਪੂਰੀ ਸਿਹਤ ਪ੍ਰਣਾਲੀ ਵਿੱਚ ਪ੍ਰੋਗਰਾਮ ਅਤੇ ਪਹਿਲਕਦਮੀਆਂ ਨੂੰ ਲਾਗੂ ਕਰੇਗਾ ਤਾਂ ਜੋ ਅਸੀਂ ਬਹੁ-ਸੱਭਿਆਚਾਰਕ ਭਾਈਚਾਰਿਆਂ ਦੀਆਂ ਸਿਹਤ ਲੋੜਾਂ ਦਾ ਬਿਹਤਰ ਜਵਾਬ ਦੇ ਸਕੀਏ। ਕੁਈਨਜ਼ਲੈਂਡ ਹੈਲਥ MHPAP ਦੇ ਟੀਚਿਆਂ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਹੋ ਰਹੀ ਤਰੱਕੀ 'ਤੇ ਨਜ਼ਰ ਰੱਖੇਗੀ।

**ਆਪਣੀ ਭਾਸ਼ਾ ਵਿੱਚ ਇਸ ਸੰਖੇਪ ਨੂੰ ਲੱਭਣ ਅਤੇ ਨੀਤੀ ਅਤੇ ਕਾਰਜ ਯੋਜਨਾ ਬਾਰੇ ਹੋਰ ਪੜ੍ਹਨ ਲਈ ਇਸ QR ਕੋਡ ਨੂੰ ਸਕੈਨ ਕਰੋ।**

**ਕੁਈਨਜ਼ਲੈਂਡ ਹੈਲਥ ਹਰ ਉਸ ਵਿਅਕਤੀ ਦਾ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਬਹੁ-ਸੱਭਿਆਚਾਰਕ ਭਾਈਚਾਰਿਆਂ ਦੀ ਸਿਹਤ ਨੂੰ ਬਿਹਤਰ ਬਣਾਉਣ ਬਾਰੇ ਆਪਣੇ ਵਿਲੱਖਣ ਅਨੁਭਵਾਂ ਅਤੇ ਸੁਝਾਵਾਂ ਨੂੰ ਸਾਂਝਾ ਕਰਕੇ ਇਸ ਨੀਤੀ ਵਿੱਚ ਯੋਗਦਾਨ ਪਾਇਆ ਹੈ।**

Queensland Government





| ਤਰਜੀਹੀ ਖੇਤਰ | ਉਦੇਸ਼ | ਜੋ ਅਸੀਂ ਸੁਣਿਆ |
|---|---|---|
| ਤਰਜੀਹ 1<br>**ਰੋਕਥਾਮ ਅਤੇ ਸ਼ੁਰੂਆਤੀ ਦਖਲ** | • ਅਸੀਂ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਦੇ ਨਤੀਜਿਆਂ ਤੱਕ ਪਹੁੰਚ ਅਤੇ ਪ੍ਰਾਪਤ ਕਰਨ ਵਿੱਚ ਉਹਨਾਂ ਨੂੰ ਦਰਪੇਸ਼ ਆਉਂਦੀਆਂ ਚੁਣੌਤੀਆਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਬਹੁ-ਸੱਭਿਆਚਾਰਕ ਪਿਛੋਕੜ ਵਾਲੇ ਲੋਕਾਂ ਨਾਲ ਜੁੜਾਂਗੇ।<br>• ਅਸੀਂ ਸਿਹਤ ਸੇਵਾਵਾਂ ਨੂੰ ਡਿਜ਼ਾਈਨ ਕਰਨ ਲਈ ਬਹੁ-ਸੱਭਿਆਚਾਰਕ ਭਾਈਚਾਰਿਆਂ ਨਾਲ ਕੰਮ ਕਰਾਂਗੇ ਜੋ ਇਹਨਾਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਸਹਾਇਕ ਹੋਣਗੀਆਂ।<br>• ਅਸੀਂ ਬਹੁ-ਸੱਭਿਆਚਾਰਕ ਪਿਛੋਕੜ ਵਾਲੇ ਲੋਕਾਂ ਨੂੰ ਆਪਣੀ ਸਿਹਤ ਨਾਲ ਨਜਿੱਠਣ, ਬਿਮਾਰੀਆਂ ਤੋਂ ਬਚਣ, ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਪਰ੍ਾਪਤ ਕਰਨ ਵਿੱਚ ਸਹਾਇਤਾ ਦੇਵਾਂਗੇ। | **"ਇਹ ਯਕੀਨੀ ਬਣਾਕੇ ਭਾਈਚਾਰੇ ਦੀ ਰੋਕਥਾਮ ਸਮਰੱਥਾ ਨੂੰ ਮਜ਼ਬੂਤ ਕਰੋ ਕਿ ਰੋਕਥਾਮ ਦੀਆਂ ਪਹਿਲਕਦਮੀਆਂ ਨੂੰ ਯੋਗ ਸਿਹਤ ਪੇਸ਼ੇਵਰਾਂ ਦੁਆਰਾ ਚੰਗੀ ਤਰ੍ਹਾਂ ਸਮਰਥਨ ਪ੍ਰਾਪਤ ਹੈ, ਪਰ ਇਹ ਸਾਡੇ ਦੁਆਰਾ, ਭਾਈਚਾਰੇ ਦੁਆਰਾ ਹੀ ਅੱਗੇ ਵਧਾਈਆਂ ਜਾਣ।"** |
| ਤਰਜੀਹ 2<br>**ਉੱਚ ਗੁਣਵੱਤਾ ਵਾਲੀਆਂ ਭਾਸ਼ਾ ਸੇਵਾਵਾਂ ਅਤੇ ਸੰਚਾਰ ਸਾਧਨ** | • ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕੁਈਨਜ਼ਲੈਂਡ ਹੈਲਥ ਦੇ ਕਰਮਚਾਰੀ ਇਹ ਜਾਣਦੇ ਹਨ ਕਿ ਕਦੋਂ, ਕਿਵੇਂ ਅਤੇ ਕਿਉਂ ਦੁਭਾਸ਼ੀਏ ਨੂੰ ਸ਼ਾਮਲ ਕਰਨਾ ਹੈ।<br>• ਅਸੀਂ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਲੋਕਾਂ ਨੂੰ ਉਨ੍ਹਾਂ ਦੀ ਪਸੰਦੀਦਾ ਭਾਸ਼ਾ ਵਿੱਚ ਜਾਣਕਾਰੀ ਪ੍ਰਦਾਨ ਕਰਾਂਗੇ।<br>• ਅਸੀਂ ਮਰੀਜ਼ਾਂ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਭਾਸ਼ਾ ਸੇਵਾਵਾਂ ਦੀ ਗੁਣਵੱਤਾ ਦੀ ਨਿਗਰਾਨੀ ਅਤੇ ਸੁਧਾਰ ਕਰਾਂਗੇ, ਜਿਸ ਵਿੱਚ ਭਾਸ਼ਾ ਸੇਵਾਵਾਂ ਦੇ ਕਰਮਚਾਰੀਆਂ ਦਾ ਸਮਰਥਨ ਕਰਨਾ ਵੀ ਸ਼ਾਮਲ ਹੈ। | **"ਭਾਸ਼ਾ ਦੀਆਂ ਰੁਕਾਵਟਾਂ ਸਾਡੇ ਭਾਈਚਾਰਿਆਂ ਲਈ ਸਿਹਤ ਸੰਭਾਲ ਲਈ ਸਭ ਤੋਂ ਵੱਡੀ ਰੁਕਾਵਟ ਬਣੀਆਂ ਹੋਈਆਂ ਹਨ। ਸਿਹਤ ਪ੍ਰਣਾਲੀ ਦੇ ਅੰਦਰ ਉਪਲਬਧ ਦੁਭਾਸ਼ੀਆ ਸੇਵਾਵਾਂ ਦੀ ਵਰਤੋਂ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਵਰਤਿਆ ਨਹੀਂ ਜਾਂਦਾ ਹੈ।"** |
| ਤਰਜੀਹ 3<br>**ਟਿਕਾਊ, ਪਹੁੰਚਯੋਗ, ਸਦਮੇ-ਸੂਚਿਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸਿਹਤ ਸੇਵਾਵਾਂ** | • ਅਸੀਂ ਕੁਈਨਜ਼ਲੈਂਡ ਹੈਲਥ ਸੇਵਾਵਾਂ ਵਿੱਚ ਇੱਕ ਅਜਿਹੇ ਸੱਭਿਆਚਾਰ ਦਾ ਨਿਰਮਾਣ ਕਰਾਂਗੇ ਜੋ ਮਰੀਜ਼ਾਂ ਦਾ ਆਦਰ ਕਰੇ ਅਤੇ ਨਸਲਵਾਦ ਅਤੇ ਭੇਦਭਾਵ ਤੋਂ ਮੁਕਤ ਹੋਵੇ।<br>• ਅਸੀਂ ਬੋਰਡਾਂ ਅਤੇ ਕਮੇਟੀਆਂ ਵਿੱਚ ਭਾਗ ਲੈਣ ਵਾਲੇ ਬਹੁ-ਸੱਭਿਆਚਾਰਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵਧਾਵਾਂਗੇ।<br>• ਅਸੀਂ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਵੇਲੇ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਅਤੇ ਵਰਤਣ ਲਈ ਬਹੁ-ਸੱਭਿਆਚਾਰਕ ਭਾਈਚਾਰਿਆਂ ਦਾ ਸਮਰਥਨ ਕਰਾਂਗੇ।<br>• ਅਸੀਂ ਮਰੀਜ਼ਾਂ ਨੂੰ ਸਿਹਤ ਸੰਭਾਲ ਪ੍ਰਣਾਲੀ ਵਿੱਚ ਨੈਵੀਗੇਟ ਕਰਨ ਅਤੇ ਸੁਰੱਖਿਅਤ ਮਹਿਸੂਸ ਕਰਨ ਵਿੱਚ ਮੱਦਦ ਕਰਨ ਲਈ ਸੱਭਿਆਚਾਰਕ ਤੌਰ 'ਤੇ ਢੁਕਵੇਂ ਪਰ੍ੋਗਰਾਮਾਂ ਦਾ ਵਿਕਾਸ ਕਰਾਂਗੇ। | **"ਸਾਡੇ ਭਾਈਚਾਰਿਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ ਆਮ ਅਭਿਆਸ ਨੂੰ ਬਦਲਣ ਲਈ ਲਚਕਤਾ ਮਹੱਤਵਪੂਰਨ ਹੈ, ਜਿਵੇਂ ਕਿ ਬਹੁ-ਸੱਭਿਆਚਾਰਕ ਨਰਸ ਨੈਵੀਗੇਟਰ, ਜੋ ਇੱਕ ਗੁੰਝਲਦਾਰ ਪ੍ਰਣਾਲੀ ਵਿੱਚ ਮਾਰਗਦਰਸ਼ਨ ਕਰਨ ਵਿੱਚ ਮਦਦਗਾਰ ਸਾਬਤ ਹੋਏ ਹਨ।"** |
| ਤਰਜੀਹ 4<br>**ਉਤਪਾਦਕ ਭਾਈਵਾਲੀ, ਸਹਿਯੋਗ ਅਤੇ ਸੰਬੰਧ** | • ਅਸੀਂ ਬਹੁ-ਸੱਭਿਆਚਾਰਕ ਭਾਈਚਾਰਿਆਂ ਨਾਲ ਮਜ਼ਬੂਤ ਅਤੇ ਆਦਰ ਭਰੇ ਰਿਸ਼ਤੇ ਬਣਾਵਾਂਗੇ।<br>• ਅਸੀਂ ਬਹੁ-ਸੱਭਿਆਚਾਰਕ ਭਾਈਚਾਰਿਆਂ ਲਈ ਸਿਹਤ ਸੰਭਾਲ ਤੱਕ ਪਹੁੰਚ ਨੂੰ ਆਸਾਨ ਬਣਾਉਣ ਲਈ ਸਿਹਤ ਪਰ੍ਣਾਲੀ ਦੇ ਹੋਰ ਹਿੱਸਿਆਂ ਨਾਲ ਮਿਲਕੇ ਕੰਮ ਕਰਾਂਗੇ।<br>• ਅਸੀਂ ਇਹ ਯਕੀਨੀ ਬਣਾਉਣ ਲਈ ਭਾਈਚਾਰਕ ਸੰਸਥਾਵਾਂ ਨਾਲ ਕੰਮ ਕਰਾਂਗੇ ਕਿ ਬਹੁ-ਸੱਭਿਆਚਾਰਕ ਭਾਈਚਾਰਿਆਂ ਨੂੰ ਸਭ ਤੋਂ ਵਧੀਆ ਸਰੀਰਕ ਅਤੇ ਮਾਨਸਿਕ ਸਿਹਤ ਪਰ੍ਾਪਤ ਕਰਨ ਲਈ ਸਹਿਯੋਗ ਦਿੱਤਾ ਜਾਵੇ। | **"ਕੋਵਿਡ-19 ਤੋਂ ਬਹੁਤ ਕੁੱਝ ਸਿੱਖਿਆ ਗਿਆ ਹੈ, ਜੋ ਸਿਹਤ ਦੇ ਸਮਾਜਿਕ ਫ਼ੈਸਲਾਕੁੰਨ ਕਾਰਨਾਂ ਨੂੰ ਹੱਲ ਕਰਨ ਲਈ ਭਾਈਚਾਰੇ ਅਤੇ ਹੋਰ ਸੈਕਟਰਾਂ ਦੇ ਨਾਲ ਸਾਂਝੇਦਾਰੀ ਵਿੱਚ ਸਿਹਤ ਦੇ ਸਾਰੇ ਖੇਤਰਾਂ ਵਿੱਚ ਸਹਿਯੋਗ ਨਾਲ ਕੰਮ ਕਰਨ ਦੀ ਮਹੱਤਤਾ ਨੂੰ ਦਰਸਾਉਂਦਾ ਹੈ।"** |
| ਤਰਜੀਹ 5<br>**ਵਿਭਿੰਨ, ਸ਼ਮੂਲੀਅਤ ਅਤੇ ਸੱਭਿਆਚਾਰਕ ਤੌਰ 'ਤੇ ਸਮਰੱਥ ਸਿਹਤ ਕਰਮਚਾਰੀ** | • ਅਸੀਂ ਇੱਕ ਵਿਭਿੰਨ ਸਿਹਤ ਕਾਰਜਬਲ ਬਣਾਉਣ ਲਈ ਸ਼ਮੂਲੀਅਤ ਵਾਲੇ ਭਰਤੀ ਅਭਿਆਸਾਂ ਨੂੰ ਲਾਗੂ ਕਰਾਂਗੇ।<br>• ਅਸੀਂ ਕੁਈਨਜ਼ਲੈਂਡ ਦੇ ਸਿਹਤ ਸਟਾਫ਼ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਜਵਾਬਦੇਹ ਦੇਖਭਾਲ ਪ੍ਰਦਾਨ ਕਰਨ ਲਈ ਢੁੱਕਵੀਂ ਸਿਖਲਾਈ ਪਰ੍ਦਾਨ ਕਰਾਂਗੇ।<br>• ਅਸੀਂ ਯਕੀਨੀ ਬਣਾਵਾਂਗੇ ਕਿ ਬਹੁ-ਸੱਭਿਆਚਾਰਕ ਪਿਛੋਕੜ ਵਾਲੇ ਕੁਈਨਜ਼ਲੈਂਡ ਹੈਲਥ ਦੇ ਕਰਮਚਾਰੀ ਆਪਣੇ ਕਾਰਜਸਥਾਨ ਵਿੱਚ ਕਦਰ ਕੀਤੀ ਜਾਂਦੀ, ਸਤਿਕਾਰਤ ਅਤੇ ਸ਼ਕਤੀਸ਼ਾਲੀ ਮਹਿਸੂਸ ਕਰਦੇ ਹਨ। | **"ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸੱਭਿਆਚਾਰਕ ਅਤੇ ਪੇਸ਼ੇਵਰ ਵਿਭਿੰਨਤਾ ਇਸ ਪ੍ਰਣਾਲੀ ਵਿੱਚ ਝਲਕੇ। ਨਹੀਂ ਤਾਂ, ਸਾਡੇ ਕੁੱਝ ਭਾਈਚਾਰਿਆਂ ਦੀ ਸਿਹਤ ਕਰਮਚਾਰੀਆਂ ਵਿੱਚ ਪ੍ਰਤੀਨਿਧਤਾ ਨਹੀਂ ਕੀਤੀ ਜਾ ਸਕਦੀ ਹੈ। ਸਾਨੂੰ ਡੇਟਾ ਵਿੱਚ ਵਰਕਫੋਰਸ ਵਿਭਿੰਨਤਾ ਦੀ ਇੱਕ ਸਮਾਨ ਵੰਡ ਅਤੇ ਸਾਡੇ ਭਾਈਚਾਰਿਆਂ ਦੇ ਲੋਕਾਂ ਨਾਲ ਕੰਮ ਕਰਨ ਦੀ ਸਮਝ ਰੱਖਣ ਲਈ ਸਿਖਲਾਈ ਪ੍ਰਾਪਤ ਕਾਰਜਬਲ ਨੂੰ ਵੇਖਣ ਦੀ ਜ਼ਰੂਰਤ ਹੈ।"** |
| ਤਰਜੀਹ 6<br>**ਬਹੁ-ਸੱਭਿਆਚਾਰਕ ਡੇਟਾ ਅਤੇ ਖੋਜ** | • ਅਸੀਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਬਹੁ-ਸੱਭਿਆਚਾਰਕ ਭਾਈਚਾਰਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ਲੇਸ਼ਣ ਕਰਨ ਦੇ ਤਰੀਕੇ ਵਿੱਚ ਸੁਧਾਰ ਕਰਾਂਗੇ।<br>• ਅਸੀਂ ਬਹੁ-ਸੱਭਿਆਚਾਰਕ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਿਹਤ ਮੁੱਦਿਆਂ ਬਾਰੇ ਹੋਰ ਖੋਜ ਕਰਾਂਗੇ।<br>• ਅਸੀਂ ਬਹੁ-ਸੱਭਿਆਚਾਰਕ ਭਾਈਚਾਰਿਆਂ ਨੂੰ ਉਹਨਾਂ ਦੀਆਂ ਸਿਹਤ ਲੋੜਾਂ ਅਤੇ ਨਤੀਜਿਆਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਖੋਜ ਵਿੱਚ ਸ਼ਾਮਲ ਕਰਾਂਗੇ। | **"ਸਾਡੇ ਭਾਈਚਾਰਿਆਂ ਲਈ ਸੱਭਿਆਚਾਰਕ ਤੌਰ 'ਤੇ ਉਚਿਤ ਅਤੇ ਪ੍ਰਭਾਵੀ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਖੋਜ ਸਬੂਤ ਪੈਦਾ ਕਰਨ ਅਤੇ ਮੁਲਾਂਕਣਾਂ ਅਤੇ ਖੋਜਾਂ ਵਿੱਚ ਸਾਡੇ ਭਾਈਚਾਰਿਆਂ ਨਾਲ ਕੰਮ ਕਰਨ ਵਿੱਚ ਨਿਵੇਸ਼ਕਰਨਾ ਮਹੱਤਵਪੂਰਨ ਹੈ।"** |



